**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ ਨਗਰ।**
**(ਕੋਆਰਡੀਨੇਸ਼ਨ ਸੈਲ)**

ਸੇਵਾ ਵਿਖੇ

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।

ਮੀਮੋ ਨੰ: 15/51-2012 ਕੋ ਸੈਲ (1)/167
ਮਿਤੀ: 24-03-2017

ਵਿਸ਼ਾ: **ਸਿੱਖਿਆ ਵਿਭਾਗ ਵਿੱਚ ਸਰਕਾਰੀ ਇਸਤਰੀ ਕਰਮਚਾਰਨਾ ਨੂੰ ਚਾਈਲਡ ਕੇਅਰ ਲੀਵ ਦੇਣ ਸਬੰਧੀ ਹਦਾਇਤਾਂ/ਸਪਸ਼ਟੀਕਰਣ।**

ਹਵਾਲਾ: ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਦਾ ਪੱਤਰ ਨੰ: 6/26/2011-6 ਪੀਪੀ3/2046 ਮਿਤੀ 22-12-2011 ਅਤੇ ਇਸ ਦਫਤਰ ਦਾ ਪੱਤਰ ਨੰ: 15/51-12 ਸੇ 2 ਕੋ ਸੈਲ (1)/68 ਮਿਤੀ 07-02-2013 ਅਤੇ ਦੋਬਾਰਾ ਸੈਕੰਡਰੀ ਸਿੱਖਿਆ ਸਾਖਾ ਵੱਲੋਂ ਜਾਰੀ ਕੀਤਾ ਗਿਾ ਪੱਤਰ ਨੰ: 10/273-16 ਸੈ.ਸਿ (6) ਮਿਤੀ 27-09-2016.

1. ਹਵਾਲਾ ਅਧੀਨ ਪੱਤਰਾਂ ਜਿਨ੍ਹਾ ਦੀ ਕਾਪੀ ਆਪ ਸਭ ਨੂੰ ਤਾਜਾ ਜਾਣਕਾਰੀ ਲਈ ਮੁੜ ਭੇਜਕੇ ਲਿਖਿਆ ਜਾਂਦਾ ਹੈ ਕਿ ਸਿੱਖਿਆ ਵਿਭਾਗ ਵਿੱਚ ਕੰਮ ਕਰਦੀਆਂ ਸਰਕਾਰੀ ਇਸਤਰੀ ਕਰਮਚਾਰਨਾ ਲਈ ਜੋ ਹਦਾਇਤਾਂ ਇਸ ਵਿਭਾਗ ਵੱਲੋਂ ਪੱਤਰ ਨੰ 6/26/2011-6 ਪੀਪੀ3/2046 ਮਿਤੀ 22-12-2011 ਅਤੇ ਇਸ ਦਫਤਰ ਦਾ ਪੱਤਰ ਨੰ: 15/51-12 ਸੇ 2 ਕੋ ਸੈਲ (1)/68 ਮਿਤੀ 07-02-2013 ਪਹਿਲਾਂ ਜਾਰੀ ਕੀਤੀਆਂ ਗਈਆਂ ਹਨ। ਚਾਈਲਡ ਕੇਅਰ ਲੀਵ ਸਬੰਧੀ ਸਮਰੱਥ ਅਧਿਕਾਰੀ ਵੱਲੋਂ ਪ੍ਰਵਾਨ ਕੀਤੀ ਜਾਵੇਗੀ। ਉਸ ਦੀ ਸਥਿਤੀ ਹੇਠ ਅਨੁਸਾਰ ਹੈ:

| | | |
|---|---|---|
| i. | ਮਾਨਯੋਗ ਮੁੱਖ ਮੰਤਰੀ ਜੀ | ਤਿੰਨ ਮਹੀਨੇ ਤੋਂ ਉਪਰ |
| ii. | ਮਾਨਯੋਗ ਸਿੱਖਿਆ ਮੰਤਰੀ ਜੀ | ਤਿੰਨ ਮਹੀਨੇ |
| iii. | ਸਕੱਤਰ ਸਕੂਲ ਸਿੱਖਿਆ | ਇੱਕ ਮਹੀਨਾ |
| iv. | ਡੀ.ਪੀ.ਆਈ (ਸੈਸਿ/ਐਸਿ) | 15 ਦਿਨ |

2. ਹੁਣ ਵਧੀਕ ਮੁੱਖ ਸਕੱਤਰ ਸਕੂਲ ਸਿੱਖਿਆ ਜੀ ਵੱਲੋਂ ਆਦੇਸ਼ ਦਿੱਤੇ ਗਏ ਹਨ ਕਿ ਪਹਿਲਾਂ ਜਾਰੀ ਕੀਤਾ ਗਿਆ ਹੈ, ਪੱਤਰ ਨੰ: 10/273-16 ਸੈ.ਸਿ (6) ਮਿਤੀ 27-09-2016 ਰਾਹੀਂ ਨਵੀਂਆ ਹਦਾਇਤਾਂ ਵਾਲੀ ਚਿੱਠੀ ਨੂੰ ਵਾਪਿਸ ਲਿਆ ਜਾਂਦਾ ਹੈ। :-

| | | | |
|---|---|---|---|
| 1 | ਚਾਈਲਡ ਕੇਅਰ ਛੁੱਟੀ | ਪੰਦਰਾਂ ਦਿਨਾ ਤੱਕ | ਜਿਲ੍ਹਾ ਸਿੱਖਿਆ ਅਫਸਰ |
| | ਉਹੀ | ਇੱਕ ਮਹੀਨੇ ਤੱਕ | ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) |
| | ਉਹੀ | ਤਿੰਨ ਮਹੀਨੇ | ਮਾਨਯੋਗ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ |

3. ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਦਾ ਪੱਤਰ ਨੰ: 6/26/2011-6 ਪੀਪੀ3/2046 ਮਿਤੀ 22-12-2011 ਅਤੇ ਇਸ ਦਫਤਰ ਦਾ ਪੱਤਰ ਨੰ: 15/51-12 ਸੇ 2 ਕੋ ਸੈਲ (1)/68 ਮਿਤੀ 07-02-2013 ਹੀ ਲਾਗੂ ਰਹੇਗਾ। ਹੇਠ ਲਿਖੇ ਅਨੁਸਾਰ ਹੀ ਚਾਈਲਡ ਕੇਅਰ ਲੀਵ ਮਨਜੂਰ ਕਰਨ ਦੇ ਅਧਿਕਾਰ ਹੀ ਲਾਗੂ ਰਹਿਣਗੇ:

| | | |
|---|---|---|
| i. | ਮਾਨਯੋਗ ਮੁੱਖ ਮੰਤਰੀ ਜੀ | ਤਿੰਨ ਮਹੀਨੇ ਤੋਂ ਉਪਰ |
| ii. | ਮਾਨਯੋਗ ਸਿੱਖਿਆ ਮੰਤਰੀ ਜੀ | ਤਿੰਨ ਮਹੀਨੇ |
| iii. | ਸਕੱਤਰ ਸਕੂਲ ਸਿੱਖਿਆ | ਇੱਕ ਮਹੀਨਾ |
| iv. | ਡੀ.ਪੀ.ਆਈ (ਸੈਸਿ/ਐਸਿ) | 15 ਦਿਨ |

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ)
ਪੰਜਾਬ।

(11)

10

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ),ਪੰਜਾਬ ਚੰਡੀਗੜ੍ਹ।
(ਕੋਆਰਡੀਨੇਸਨ ਸੈਲ)

ਸੇਵਾ ਵਿਖੇ

1. ਮੰਡਲ ਸਿੱਖਿਆ ਅਫਸਰ (ਨਾਭਾ,ਜਲੰਧਰ ਅਤੇ ਫਰੀਦਕੋਟ)
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐ.ਸਿ)

ਮੀਮੋ ਨੰ: 15/51-12 ਸੇ 2.ਕੋ.ਸੈਲ (1)/68
ਮਿਤੀ:- 07-02-2013

ਵਿਸ਼ਾ:- ਸਿੱਖਿਆ ਵਿਭਾਗ ਵਿੱਚ ਸਰਕਾਰੀ ਇਸਤਰੀ ਕਰਮਚਾਰਨਾਂ ਨੂੰ ਚਾਈਲਡ ਕੇਅਰ ਲੀਵ ਸਬੰਧੀ।
ਹਵਾਲਾ:- ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਦੇ ਪੱਤਰ ਨੰ: 6/26/2011-6ਪੀ.ਪੀ.3/2046 ਮਿਤੀ 22-12-2011 ਅਤੇ 6/26/2011-6ਪੀ.ਪੀ.3/1276 ਮਿਤੀ 08-08-2012 ( ਕਾਪੀਆਂ ਨੱਥੀ)

1. ਹਵਾਲਾ ਅਧੀਨ ਪੱਤਰਾਂ, ਜਿਹਨਾਂ ਦੀ ਕਾਪੀ ਆਪ ਸਭ ਨੂੰ ਤਾਜਾ ਜਾਣਕਾਰੀ ਲਈ ਮੁੜ ਭੇਜੀ ਜਾ ਰਹੀ ਹੈ, ਦੀ ਲਗਾਤਾਰਤਾ ਵਿੱਚ ਦੱਸਿਆ ਜਾਂਦਾ ਹੈ ਕਿ ਸਕੂਲੀ ਬੱਚਿਆਂ ਦੀ ਪੜਾਈ ਨੂੰ ਮੱਦੇ ਨਜਰ ਰੱਖਦੇ ਹੋਏ ਸਰਕਾਰ ਦੇ ਉਕਤ ਪੱਤਰ ਨੰ: 6/26/2011-6ਪੀ.ਪੀ.3/2046 ਮਿਤੀ 22-12-2011 ਵਿੱਚ ਅੰਕਿਤ ਪੁਆਇੰਟ ਨੰ (ਸ) ਦੇ ਵਿਰੁੱਧ ਸਿੱਖਿਆ ਵਿਭਾਗ ਵਿੱਚ ਕੰਮ ਕਰਦੀਆਂ ਸਰਕਾਰੀ ਇਸਤਰੀ ਕਰਮਚਾਰਨਾਂ ਲਈ ਕੁਝ ਵਿਸ਼ੇਸ਼ ਨਾਰਮਜ ਨਿਸਚਿਤ ਕੀਤੇ ਗਏ ਹਨ ਜੋ ਹੇਠ ਅਨੁਸਾਰ ਹਨ:

(i) ਸਿੱਖਿਆ ਵਿਭਾਗ ਵਿੱਚ ਕੰਮ ਕਰਦੀਆਂ ਇਸਤਰੀ ਅਧਿਆਪਕਾਵਾਂ/ਕਰਮਚਾਰਨਾਂ ਨੂੰ ਚਾਈਲਡ ਕੇਅਰ ਲੀਵ ਇੱਕ ਕੈਲੰਡਰ ਸਾਲ ਵਿੱਚ ਦੋ ਵਾਰ ਅਤੇ ਵੱਧ ਤੋ ਵੱਧ 3 ਮਹੀਨੇ ਲਈ ਹੀ ਸਕੂਲ/ਦਫਤਰ ਵਿੱਚ ਬਦਲਵਾਂ ਪ੍ਰਬੰਧ ਹੋਣ ਦੀ ਸੂਰਤ ਵਿੱਚ ਹੀ ਦਿੱਤੀ ਜਾਵੇਗੀ।

(ii) ਦਸੰਬਰ, ਜਨਵਰੀ ਅਤੇ ਫਰਵਰੀ ਮਹੀਨੇ ਵਿੱਚ ਇਹ ਛੁੱਟੀ ਲੈਣ ਤੇ ਬਿਲਕੁਲ ਪਾਬੰਧੀ ਲਗਾਈ ਜਾਵੇਗੀ।

(iii) ਇਹ ਛੁੱਟੀ ਹੇਠ ਅਨੁਸਾਰ ਸਮਰਥ ਅਧਿਕਾਰੀ ਵੱਲੋਂ ਪ੍ਰਵਾਨ ਕੀਤੀ ਜਾਵੇਗੀ:-

| | |
|---|---|
| ਮਾਨਯੋਗ ਮੁੱਖ ਮੰਤਰੀ ਜੀ | ਤਿੰਨ ਮਹੀਨੇ ਤੋਂ ਉਪਰ |
| ਮਾਨਯੋਗ ਸਿੱਖਿਆ ਮੰਤਰੀ ਜੀ | ਤਿੰਨ ਮਹੀਨੇ |
| ਸਕੱਤਰ ਸਕੂਲ ਸਿੱਖਿਆ | ਇਕ ਮਹੀਨਾ |
| ਡੀ.ਪੀ.ਆਈ (ਸੈਸਿ/ਐ.ਸਿ) | 15 ਦਿਨ |

2. ਚਾਈਲਡ ਕੇਅਰ ਲੀਵ ਸਬੰਧੀ ਬਾਕੀ ਸਾਰੀਆਂ ਹਦਾਇਤਾਂ ਹਵਾਲੇ ਅਧੀਨ ਪੱਤਰਾਂ ਅਨੁਸਾਰ ਹੀ ਹੋਣਗੀਆਂ।

3. ਸਿੱਖਿਆ ਵਿਭਾਗ ਦੀਆਂ ਇਸਤਰੀ ਕਰਮਚਾਰਨਾਂ ਲਈ ਚਾਈਲਡ ਕੇਅਰ ਲੀਵ ਸਬੰਧੀ ਉਕਤ ਨਾਰਮਜ/ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

4. ਸਮੂਹ ਮੰਡਲ ਸਿੱਖਿਆ ਅਫਸਰ ਆਪਣੇ ਨਾਲ ਸਬੰਧਤ ਜਿ.ਸਿ.ਅਫਸਰਾਂ ਨੂੰ ਆਪਣੇ ਪੱਧਰ ਤੇ ਸੂਚਿਤ ਕਰਨਗੇ ।

ਇੰਚਾਰਜ ਕੋਆਰਡੀਨੇਸਨ ਸੈਲ
ਦ.ਡੀ.ਪੀ.ਆਈ (ਸੈਸਿ) ਪੰਜਾਬ

ਪਿੰਠ ਅੰਕਣ ਨੰ: ਉਕਤ ਮਿਤੀ: 07-02-2013

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
2. ਡੀ.ਪੀ.ਆਈ (ਐ.ਸਿ), ਪੰਜਾਬ
3. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ
4. ਦਫਤਰ ਡੀ.ਪੀ.ਆਈ (ਸੈਸਿ) ਦੇ ਸਮੂਹ ਅਧਿਕਾਰੀ/ਸਾਖਾ ਮੁੱਖੀ
5. ਪੀ.ਏ/ਡੀ.ਪੀ.ਆਈ (ਸੈਸਿ)

ADSA-2

ਇੰਚਾਰਜ ਕੋਆਰਡੀਨੇਸਨ ਸੈਲ
ਦ.ਡੀ.ਪੀ.ਆਈ (ਸੈਸਿ) ਪੰਜਾਬ

ਦਫਤਰ ਡਾਇਰੈਕਟਰ ਸਿਖਿਆ ਵਿਭਾਗ(ਸੈ:ਸਿ) ਪੰਜਾਬ,ਐਸ.ਏ.ਐਸ.ਨਗਰ ।
(ਸੈਕੰਡਰੀ ਸਿੱਖਿਆ ਸ਼ਾਖਾ)

ਵੱਲ

ਸਮੂਹ ਮੰਡਲ ਸਿੱਖਿਆ ਅਫਸਰ
ਸਮੂਹ ਜਿਲਾ ਸਿਖਿਆ ਅਫਸਰ(ਸੈ:ਸਿ)(ਐ:ਸਿ)

ਮੀਮੋ ਨੰ:10/273-16 ਸੈ:ਸਿ(6)
ਮਿਤੀ ਐਸ.ਏ.ਐਸ.ਨਗਰ: 27/9/16

ਵਿਸ਼ਾ: ਚਾਈਲਡ ਕੇਅਰ ਛੁੱਟੀ ਸਬੰਧੀ ਹਦਾਇਤਾਂ ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਚਾਈਲਡ ਕੇਅਰ ਲੀਵ ਸਬੰਧੀ ਨਵੀਆਂ ਹਦਾਇਤਾਂ ਹੇਠ ਲਿਖੇ ਅਨੁਸਾਰ ਜਾਰੀ ਕੀਤੀਆਂ ਜਾਂਦੀਆਂ ਹਨ ।

| | | | |
|---|---|---|---|
| | ਚਾਇਲਡ ਕੇਅਰ ਛੁੱਟੀ | ਪੰਦਰਾਂ ਦਿਨਾ ਤੱਕ | ਜਿਲਾ ਸਿਖਿਆ ਅਫਸਰ |
| | ਉਹੀ | ਇੱਕ ਮਹੀਨੇ ਤੱਕ | ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ) |
| | ਉਹੀ | ਤਿੰਨ ਮਹੀਨੇ | ਮਾਨਯੋਗ ਪ੍ਰਮੁੱਖ ਸਕੱਤਰ ਸਕੂਲ ਸਿਖਿਆ |

ਉਪਰੋਕਤ ਤੋ ਇਲਾਵਾ ਇਸ ਛੁੱਟੀ ਨਾਲ ਸਬੰਧਤ ਬਾਕੀ ਸ਼ਰਤਾਂ ਪਹਿਲਾਂ ਵਾਲੀਆਂ ਹੀ ਰਹਿਣਗੀਆਂ

ਡਿਪਟੀ ਡਾਇਰੈਕਟਰ(ਸੈ:ਸਿ)

ਪਿੱਠ ਅੰਕਣ ਨੰ: ਉਕਤ ਮਿਤੀ, ਐਸ.ਏ.ਐਸ ਨਗਰ: 27/9/16

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਦਫਤਰ ਡੀ.ਐਮ.ਐਮ.ਆਈ.ਐਸ ਵਿੰਗ ਨੂੰ ਸਾਈਟ ਤੇ ਪਾਉਣ ਹਿੱਤ ।
2. ਦਫਤਰ ਐਸ.ਆਈ.ਐਸ.ਈ. ਐਸ.ਏ.ਐਸ.ਨਗਰ
3. ਕੁਆਰਡੀਨੇਸ਼ਨ ਸੈਲ
4. ਦਫਤਰ ਦੀਆਂ ਸਮੂਹ ਸ਼ਾਖਾਵਾਂ ।

ਡਿਪਟੀ ਡਾਇਰੈਕਟਰ (ਸੈ.ਸਿ)

(1)

ਨੰ: 6/26/2011-6ਪੀ.ਪੀ.3/2046
ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ.ਪੀ.3 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜਨਾਂ ਦੇ ਕਮਿਸ਼ਨਰਜ਼,
ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼ ਅਤੇ
ਉੱਪ ਮੰਡਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 22-12-2011

ਵਿਸ਼ਾ: ਸਰਕਾਰੀ ਇਸਤਰੀ ਕਰਮਚਾਰਨਾ ਲਈ ਚਾਈਲਡ ਕੇਅਰ ਲੀਵ ਦਾ ਉਪਬੰਧ ਕਰਨ ਬਾਰੇ।

*******

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਹਦਾਇਤ ਹੋਈ ਹੈ ਕਿ ਮੈ ਆਪ ਦਾ ਧਿਆਨ ਉਪਰੋਕਤ ਵਿਸੇ ਵੱਲ ਦਿਵਾਉਂਦੇ ਹੋਏ ਆਪ ਨੂੰ ਸੂਚਿਤ ਕਰਾਂ ਕਿ ਸਰਕਾਰੀ ਇਸਤਰੀ ਕਰਮਚਾਰਨਾ ਨੂੰ ਚਾਈਲਡ ਕੇਅਰ ਲੀਵ ਦੇਣ ਸਬੰਧੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਰਿਹਾ ਹੈ ਅਤੇ ਇਸ ਮਾਮਲੇ ਉਤੇ ਵੇਰਵੇ ਸਹਿਤ ਵਿਚਾਰ ਕਰਨ ਉਪਰੰਤ ਪੰਜਾਬ ਸਰਕਾਰ ਵਲੋਂ ਸਰਕਾਰੀ ਇਸਤਰੀ ਕਰਮਚਾਰੀਆਂ ਲਈ ਇਹ ਛੁੱਟੀ ਨਿਮਨ ਲਿਖਤ ਅਨੁਸਾਰ ਪ੍ਰਵਾਨ ਕੀਤੀ ਗਈ ਹੈ :-

ੳ) ਉਹ ਸਰਕਾਰੀ ਇਸਤਰੀ ਕਰਮਚਾਰਨਾ ਜਿਨ੍ਹਾਂ ਦੇ ਬੱਚੇ ਨਾਬਾਲਿਗ ( 18 ਸਾਲ ਤੋਂ ਘੱਟ ) ਹੋਣ, ਸਾਰੀ ਸੇਵਾ ਦੌਰਾਨ ਵੱਧ ਤੋ ਵੱਧ ਇੱਕ ਸਾਲ (365 ਦਿਨ) ਦੀ ਚਾਈਲਡ ਕੇਅਰ ਲੀਵ ਲੈ ਸਕਣਗੇ ।

ਅ) ਇਹ ਛੁੱਟੀ ਵੱਧ ਤੋਂ ਵੱਧ ਦੋ ਬੱਚਿਆ ਤੱਕ ਦੀ ਦੇਖਭਾਲ ਕਰਨ ਅਤੇ ਉਨ੍ਹਾਂ ਦੀਆਂ ਜਰੂਰਤਾਂ ਲਈ ਜਿਵੇਂ ਕਿ ਪ੍ਰੀਖਿਆ ਦੇਣ ਲਈ ਜਾਂ ਬਿਮਾਰੀ ਆਦਿ ਦੀ ਸੂਰਤ ਵਿੱਚ ਲੈ ਸਕਣਗੇ। ਇਸ ਸਬੰਧੀ ਡਾਕੂਮੈਂਟਰੀ ਸਬੂਤ ਵੀ ਪੇਸ ਕਰਨਾ ਹੋਵੇਗਾ।

ੲ) ਇਸ ਛੁੱਟੀ ਦੌਰਾਨ, ਕਮਾਈ ਛੁੱਟੀ ਦੇ ਕੇਸਾਂ ਅਨੁਸਾਰ, ਬਣਦੀ ਯੋਗ ਲੀਵ ਸੈਲਰੀ ਐਡਮਿਸੀਬਲ ( admissible) ਹੋਵੇਗੀ।

ਸ) ਅਜਿਹੀ ਛੁੱਟੀ ਇਕ ਤੋ ਵੱਧ Spell ਵਿੱਚ ਮਾਣੀ ਜਾ ਸਕੇਗੀ, ਪਰ ਇਕ ਕੈਲੰਡਰ ਸਾਲ ਵਿੱਚ 3 Spell ਤੋਂ ਵੱਧ ਛੁੱਟੀ ਨਹੀ ਦਿੱਤੀ ਜਾਵੇਗੀ।

ਹ) ਇਹ ਛੁੱਟੀ 15 ਦਿਨਾਂ ਤੋਂ ਘੱਟ ਨਹੀ ਦਿੱਤੀ ਜਾਵੇਗੀ।

(2)

ਕ) ਜੇਕਰ ਕੋਈ ਇਸਤਰੀ ਕਰਮਚਾਰਨ ਅਣਅਧਿਕਾਰਤ ਤੌਰ ਤੇ ਗੈਰ ਹਾਜਰ ਰਹਿੰਦੀ ਹੈ ਅਤੇ ਚਾਈਲਡ ਕੇਅਰ ਲੀਵ (CCL) ਦੇਣ ਲਈ ਬੇਨਤੀ ਕਰਦੀ ਹੈ ਤਾਂ ਉਸ ਨੂੰ ਕਿਸੇ ਵੀ ਹਾਲਤ ਵਿੱਚ ਇਸ ਛੁੱਟੀ ਦਾ ਲਾਭ ਨਹੀ ਦਿੱਤਾ ਜਾਵੇਗਾ।

ਖ) ਇਹ ਛੁੱਟੀ ਲੀਵ ਅਕਾਂਉਟ ਨੂੰ ਡੈਬਿਟ ਨਹੀ ਹੋਵੇਗੀ, ਪਰ ਇਸ ਛੁੱਟੀ ਸਬੰਧੀ ਛੁੱਟੀਆਂ ਦਾ ਖਾਤਾ ਨਿਰਧਾਰਤ ਪ੍ਰਫਾਰਮੇ (ਕਾਪੀ ਨੱਥੀ) ਅਨੁਸਾਰ ਮੈਨਟੇਨ ਕੀਤਾ ਜਾਵੇ ਅਤੇ ਇਸ ਦਾ ਸਬੰਧਤ ਕਰਮਚਾਰਨ ਦੀ ਸੇਵਾ ਪਤੱਰੀ ਵਿੱਚ ਇੰਦਰਾਜ ਵੀ ਕੀਤਾ ਜਾਵੇ।

ਗ) ਇਹ ਛੁੱਟੀ ਪੰਜਾਬ ਸਿਵਲ ਸੇਵਾਵਾਂ ਜਿਲਦ-1, ਭਾਗ 1 ਦੇ ਰੂਲ 8.15 ਦੇ ਉਪਬੱਧਾਂ ਦੇ ਸਨਮੁੱਖ ਇੱਕ ਹੱਕ ਵਜੋਂ ਕਲੇਮ ਨਹੀ ਕੀਤੀ ਜਾ ਸਕੇਗੀ।

ਘ) ਇਹ ਛੁੱਟੀ ਕਮਾਈ ਛੁੱਟੀ ਦੀ ਤਰਾਂ ਹੀ ਮਨਜੂਰ ਕੀਤੀ ਜਾਣੀ ਹੈ। ਇਸ ਦੀ ਪੂਰਵ ਪ੍ਰਵਾਨਗੀ ਸਮਰੱਥ ਅਥਾਰਟੀ ਪਾਸੋਂ ਪ੍ਰਾਪਤ ਕੀਤੀ ਜਾਵੇਗੀ।

823

ਙ) ਸਮਰੱਥ ਅਧਿਕਾਰੀ ਵਲੋਂ ਲੋਕ ਹਿੱਤ ਵਿੱਚ ਇਹ ਛੁੱਟੀ ਨਾ-ਮੰਜੂਰ ਕੀਤੀ ਜਾ ਸਕਦੀ ਹੈ ਅਤੇ ਪਹਿਲਾਂ ਮੰਨਜੂਰ ਕੀਤੀ ਛੁੱਟੀ ਕੈਂਸਲ ਵੀ ਕੀਤੀ ਜਾ ਸਕਦੀ ਹੈ।

ਐਪਰ ਨਿਮਨ ਲਿਖਤ ਸ੍ਰੇਣੀਆਂ ਦੀਆਂ ਕਰਮਚਾਰਨਾ ਇਸ ਛੁੱਟੀ ਦੀਆਂ ਹੱਕਦਾਰ ਨਹੀ ਹੋਣਗੀਆਂ:-

1) ਜਿਨਾਂ ਵਿਰੁੱਧ ਅਨੁਸਾਸਨੀ ਕਾਰਵਾਈ ਚੱਲ ਰਹੀ ਹੈ ਜਾਂ ਉਹ ਮੁੱਅਤਲੀ ਅਧੀਨ ਹਨ।

2) ਜਿਹੜੇ ਪਰੋਬੇਸਨ ਪੀਰੀਅਡ ਅਧੀਨ ਹਨ, ਪਰ ਜੇਕਰ ਕਿਸੇ ਅਜਿਹੇ ਮੈਡੀਕਲ ਕਾਰਨਾ ਕਾਰਨ ਜਿਥੇ minor children ਦੀ ਦੇਖਭਾਲ ਦੀ ਤੁਰੰਤ ਜਰੂਰਤ ਹੋਵੇ ਤਾਂ ਛੁੱਟੀ ਮੰਜੂਰ ਕਰਤਾ ਅਧਿਕਾਰੀ ਵਲੋਂ ਕਰਮਚਾਰਨ ਦੀ ਬੇਨਤੀ ਤੇ ਮੈਰਿਟ ਤੇ ਵਿਚਾਰ ਕਰਦੇ ਹੋਏ ਚਾਈਲਡ ਕੇਅਰ ਲੀਵ ਇਸ ਸਰਤ ਤੇ ਮੰਜੂਰ ਕੀਤੀ ਜਾ ਸਕਦੀ ਹੈ ਪਰ ਮੈਡੀਕਲ ਸਰਟੀਫਿਕੇਟ ਘਟੋਂ ਘੱਟ ਸਿਵਲ ਸਰਜਨ ਤੋਂ ਪ੍ਰਤੀ ਹਸਤਾਖਰਤ ਹੋਵੇ।

3) ਜਿਹੜੇ ਦਿਹਾੜੀਦਾਰ/ਵਰਕਚਾਰਜਡ/ਕੰਟਰੈਕਟ ਦੇ ਆਧਾਰ ਤੇ ਨਿਯੁਕਤ ਹਨ।

2. ਇਹ ਹਦਾਇਤਾਂ ਆਪਣੇ ਅਧੀਨ ਸਮੂਹ ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

3. ਇਹ ਪਤੱਰ ਵਿੱਤ ਵਿਭਾਗ ਦੀ ਪ੍ਰਵਾਨਗੀ ਜੋ ਉਨ੍ਹਾਂ ਦੇ ਅੰ:ਵਿ:ਪੱ:ਨੰ:1/28/2009-3ਵਿਪ੍2/ਸਪੈਸ਼ਲ ਮਿਤੀ 22-12-2011 ਰਾਂਹੀ ਪ੍ਰਾਪਤ ਹੋਈ ਹੈ, ਉਪਰੰਤ ਜਾਰੀ ਕੀਤਾ ਜਾਂਦਾ ਹੈ।

(ਹਸਤਾਖਰ)
ਅਧੀਨ ਸਕੱਤਰ ਪ੍ਰਸੋਨਲ

(3)

ਇਸ ਦਾ ਇਕ ਉਤਾਰਾ ਪੰਜਾਬ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ/ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ .

ਕੁਲਦੀਪ ਸਿੰਘ
ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ,
ਪੰਜਾਬ ।

ਅੰ.ਵਿ.ਪੱ.ਨੰ: 6/26/2011-6ਪੀ.ਪੀ.3/2047 ਮਿਤੀ, ਚੰਡੀਗੜ੍ਹ: 22-12-2011
ਪਿੱ.ਅੰ.ਨੰ: 6/26/2011-6ਪੀ.ਪੀ.3/2048 ਮਿਤੀ, ਚੰਡੀਗੜ੍ਹ: 22-12-2011

ਇਸ ਦਾ ਇਕ ਉਤਾਰਾ ਪੰਜਾਬ ਸਰਕਾਰ ਅਧੀਨ ਕੰਮ ਕਰਦੇ ਸਾਰੇ ਬੋਰਡਾਂ/ਕਾਰਪੋਰੇਸ਼ਨਾਂ ਆਦਿ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਕੁਲਦੀਪ ਸਿੰਘ
ਅਧੀਨ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਵਿੱਤ ਵਿਭਾਗ, ਪੰਜਾਬ (ਵਿੱਤ ਪ੍ਰਸੋਨਲ-2 ਸਾਖਾ) ਨੂੰ ਉਨ੍ਹਾਂ ਦੇ ਅੰ:ਵਿ:ਪੱ:ਨੰ:1/28/2009-3ਵਿਪ੍2/ਸਪੈਸ਼ਲ ਮਿਤੀ 22-12-2011 ਦੇ ਹਵਾਲੇ ਵਿੱਚ ਸਬੰਧਤ ਨਿਯਮਾਂ ਵਿੱਚ ਸੋਧ ਕਰਨ ਲਈ ਭੇਜਿਆ ਜਾਂਦਾ ਹੈ ।

ਕੁਲਦੀਪ ਸਿੰਘ
ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ,
ਵਿੱਤ ਵਿਭਾਗ, ਪੰਜਾਬ,
(ਵਿੱਤ ਪ੍ਰਸੋਨਲ-2 ਸ਼ਾਖਾ) ।

ਅੰ.ਵਿ.ਪੱ.ਨੰ: 6/26/2011-6ਪੀ.ਪੀ.3/2049 ਮਿਤੀ, ਚੰਡੀਗੜ੍ਹ:22-12-2011

ਇਸ ਦਾ ਇਕ ਉਤਾਰਾ ਸੁਪਰਡੰਟ, ਮੰਤਰੀ ਮੰਡਲ ਮਾਮਲੇ ਸਾਖਾ,ਪੰਜਾਬ ਨੂੰ ਉਨ੍ਹਾਂ ਦੇ ਅੰ.ਵਿ.ਪੱ.ਨੰ:1/305/2011-1ਕੈਬਨਿਟ/6889 ਮਿਤੀ 4-11-2011 ਦੇ ਹਵਾਲੇ ਵਿੱਚ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਕੁਲਦੀਪ ਸਿੰਘ
ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸੁਪਰਡੰਟ,
ਮੰਤਰੀ ਮੰਡਲ ਮਾਮਲੇ ਸਾਖਾ ।

ਅੰ.ਵਿ.ਪੱ.ਨੰ: 6/26/2011-6ਪੀ.ਪੀ.3/2050 ਮਿਤੀ, ਚੰਡੀਗੜ੍ਹ:22-12-2011

# Proforma for maintaining Child Care Leave Account

| Period of Child Care Leave Taken | | Balance of Child Care Leave | | Signature and designation of Head of Office/ Certifying Officer |
|---|---|---|---|---|
| From | To | Balance | Date | |
| (1) | (2) | (3) | (4) | (5) |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |